Office of the
Director General of Police,
Intelligence, Punjab.

ਦਫ਼ਤਰ,
ਡਾਇਰੈਕਟਰ ਜਨਰਲ ਪੁਲਿਸ,
ਇੰਟੈਲੀਜੈਂਸ, ਪੰਜਾਬ।

(ਅਮਲਾ ਸ਼ਾਖਾ-1)

ਵੱਲ

ਪੰਜਾਬ ਪੁਲਿਸ ਦੇ ਸਮੂਹ ਦਫਤਰਾਂ ਦੇ ਮੁਖੀ ।

ਨੰਬਰ 3659-3765 /ਅਮਲਾ-2 ਮਿਤੀ 15-02-19

ਵਿਸ਼ਾ ਇੰਟੈਲੀਜੈਂਸ ਕਾਡਰ ਦੇ ਸਿਪਾਹੀ ਰੈਂਕ ਤੋਂ ਸਬ ਇੰਸਪੈਕਟਰ ਰੈਂਕ ਦੇ ਕਰਮਚਾਰੀਆਂ ਦੀ ਟੈਂਟੇਟਿਵ ਸੀਨੀਆਰਤਾ ਸੂਚੀ ਸਬੰਧੀ।

ਯਾਦ ਪੱਤਰ

ਹਵਾਲਾ ਉਪਰੋਕਤ ਵਿਸ਼ਾ ਦੇ ਸਬੰਧ ਵਿੱਚ।

2. ਪੰਜਾਬ ਪੁਲਿਸ ਐਕਟ 2007 ਮਿਤੀ 20.02.2008 ਤੋ ਹੋਂਦ ਵਿੱਚ ਆਇਆ, ਇਸ ਐਕਟ ਦੀ ਧਾਰਾ 4-ਬੀ ਅਨੁਸਾਰ ਹੋਰ ਕੇਡਰਾ ਸਮੇਤ ਇੰਟੈਲੀਜੈਸ ਨੂੰ ਵੱਖਰਾ ਕੇਡਰ ਬਣਾਇਆ ਗਿਆ। ਜਿਸ ਅਨੁਸਾਰ ਹਰੇਕ ਕੇਡਰ ਦੀ ਵੱਖਰੇ ਤੌਰ 2008 ਤੋ ਬਾਅਦ ਸੀਨੀਆਰਟੀ ਬਣਾਈ ਜਾਣੀ ਹੈ। ਇਸ ਐਕਟ ਅਨੁਸਾਰ ਰਾਜ ਸਰਕਾਰ (ਗ੍ਰਹਿ ਵਿਭਾਗ) ਵੱਲੋ ਮਿਤੀ 10.08.2015 ਨੂੰ " ਪੰਜਾਬ ਇਟੈਲੀਜੈਸ ਕਾਡਰ (ਗਰੁੱਪ ਸੀ) ਸਰਵਿਸ ਰੂਲ-2015 ਨੋਟੀਫਾਈਡ ਕੀਤੇ ਗਏ।

3. ਉਕਤ ਦੇ ਸਨਮੁੱਖ ਇੰਟੈਲੀਜੈਸ ਵਿੰਗ ਵੱਲੋ ਬਣਾਈ ਗਈ "ਆਬਜਰਪਸਨ ਕਮੇਟੀ" ਵੱਲੋ ਮਿਤੀ 14.08.2017 ਨੂੰ 2407 ਕਰਮਚਾਰੀਆਂ ਵਿੱਚ 822 ਕਰਮਚਾਰੀਆਂ (ਸਿਪਾਹੀ ਰੈਂਕ ਤੋ ਸਬ ਇੰਸਪੈਕਟਰ ਰੈਂਕ ਤੱਕ) ਨੂੰ ਯੋਗ ਵਿਧੀ ਰਾਂਹੀ ਇੰਟੇਲੀਜੈਸ ਵਿੰਗ ਵਿੱਚ ਮਰਜ ਕੀਤਾ ਗਿਆ ਸੀ। ਹੁਣ ਇਹਨਾਂ ਕਰਮਚਾਰੀਆਂ ਦੀ ਇੰਟਰ ਸੇ ਸੀਨੀਆਰਤਾ ਬਨਾਉਣ ਸਬੰਧੀ ਡੀ.ਜੀ.ਪੀ ਪੰਜਾਬ ਚੰਡੀਗੜ ਵੱਲੋ ਜਾਰੀ ਕੀਤੇ ਗਏ ਸਟੈਡਿੰਗ ਆਰਡਰ 01/2019 (ਕਾਪੀ ਨੱਥੀ) ਵਿੱਚ ਦਿੱਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ (ਸਿਪਾਹੀ ਰੈਂਕ ਤੋ ਸਬ ਇੰਸਪੈਕਟਰ ਰੈਂਕ ਤੱਕ) ਟੈਂਟੇਟਿਵ ਇੰਟਰ ਸੇ ਸੀਨੀਆਰਤਾ ਬਣਾਈ ਗਈ ਹੈ। ਜਿਸ ਨੂੰ ਪੰਜਾਬ ਪੁਲਿਸ ਦੀ ਵੈਬ ਸਾਈਟ ਤੇ ਅਪਲੋਡ ਵੀ ਕਰ ਦਿੱਤਾ ਗਿਆ ਹੈ।

4. ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਇਸ ਸਬੰਧੀ ਤੁਰੰਤ ਜਾਣੂ ਕਰਵਾਉਦੇ ਹੋਏ ਹਦਾਇਤ ਕੀਤੀ ਜਾਵੇ ਕਿ, ਜੇਕਰ ਕਿਸੇ ਕਰਮਚਾਰੀ ਨੂੰ ਅਪੱਲੋਡ ਕੀਤੀ ਇਸ ਇੰਟਰ ਸੇ ਸੀਨੀਆਰਤਾ ਸਬੰਧੀ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਇਸ ਦਫ਼ਤਰ ਨੂੰ ਭੇਜਣ ਤਾਂ ਜੋ ਉਹਨਾਂ ਦੇ ਇਤਰਾਜਾਂ ਤੇ ਵਿਚਾਰ ਕੀਤਾ ਜਾ ਸਕੇ। ਇਤਰਾਜਾਂ ਨੂੰ ਵਿਚਾਰਨ ਉਪਰੰਤ ਅੰਤਿਮ ਸੀਨੀਆਰਤਾ ਸੂਚੀ ਜਾਰੀ ਕੀਤੀ ਜਾਵੇਗੀ।

15/2/19

(ਏ.ਆਈ.ਜੀ ਸਥਾਨਕ)
ਵਾ: ਡਾਇਰੈਕਟਰ ਜਨਰਲ ਪੁਲਿਸ,
ਇੰਟੈਲੀਜੈਂਸ, ਪੰਜਾਬ।

ਨੰਬਰ ਮਿਤੀ

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਸਮੂਹ ਏ.ਆਈ.ਜੀ ਜੋਨਲ ਸੀ.ਆਈ.ਡੀ /ਸੀ.ਆਈ ਪੰਜਾਬ ।
2. ਏ.ਆਈ.ਜੀ ਐਸ.ਐਸ.ਓ ਮੋਹਾਲੀ, ਅੰਮ੍ਰਿਤਸਰ ਅਤੇ ਫਾਜਿਲਕਾ
3. ਏ.ਆਈ.ਜੀ.ਪੀ.ਪੀ.ਸੀ.ਆਰ ਚੰਡੀਗੜ।
4. ਏ.ਆਈ.ਜੀ ਸੀ.ਆਈ.ਡੀ ਯੂਨਿਟ ਨਵੀ ਦਿੱਲੀ ਅਤੇ ਚੰਡੀਗੜ।
5. ਇੰਚਾਰਜ ਪੰਜਾਬ ਪੁਲਿਸ ਵੈਬਸਾਇਟ ਪੰਜਾਬ ਪੁਲਿਸ ਹੈਡਕੁਆਟਰ ਸੈਕਟਰ -9 ਚੰਡੀਗੜ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਇੰਟੈਲੀਜੈਸ ਕਾਡਰ ਦੀ ਟੈਂਟੇਟਿਵ ਸੀਨੀਆਰਤਾ ਸੂਚੀ ਅਤੇ ਸਮੇਤ ਸਟੈਡਿੰਗ ਆਰਡਰ ਅੱਜ ਹੀ ਅੱਪਲੋਡ ਕੀਤਾ ਜਾਵੇ ।
6. ਡੀ.ਓ ਇੰਟੈਲੀਜੈਸ ਪੰਜਾਬ।

(ਏ.ਆਈ.ਜੀ ਸਥਾਨਕ)
ਵਾ: ਡਾਇਰੈਕਟਰ ਜਨਰਲ ਪੁਲਿਸ,
ਇੰਟੈਲੀਜੈਂਸ, ਪੰਜਾਬ।